# ਤੁਹਾਨੂੰ ਆਪਣੇ ਫੇਫੜਿਆਂ ਦੀ ਸਿਹਤ ਜਾਂਚ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ



# ਆਪਣੇ ਫੇਫੜਿਆਂ ਦੀ ਸਿਹਤ ਜਾਂਚ ਕਰਾਉਣ ਜਾਣਾ ਹੈ ਜਾਂ ਨ
# ਇਹ ਤੁਹਾਡਾ ਆਪਣਾ ਫੈਸਲਾ ਹੈ।

# ਇਹ ਪਰਚਾ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

## ਅਸੀਂ ਫੇਫੜਿਆਂ ਦੀ ਸਿਹਤ ਜਾਂਚ ਦੀ ਸੁਵਿਧਾ ਕਿਉਂ ਦੇ ਰਹੇ ਹਾਂ?

ਖ਼ਾਸ-ਸਿਖਲਾਈ ਪ੍ਰਾਪਤ ਨਰਸਾਂ ਵੱਲੋਂ ਕੀਤੀ ਜਾਂਦੀ, ਫੇਫੜਿਆਂ ਦੀ ਸਿਹਤ ਜਾਂਚ ਦਾ ਮਕਸਦ ਇਹ ਲਗਾਉਣਾ ਹੈ ਕਿ ਤੁਹਾਡੇ ਫੇਫੜੇ ਕਿਨ੍ਹਾਂ ਵਧੀਆ ਕੰਮ ਕਰ ਰਹੇ ਹਨ।

ਫੇਫੜਿਆਂ ਦੀ ਸਿਹਤ ਜਾਂਚ ਨਾਲ ਸਮੱਸਿਆਵਾਂ ਦਾ ਜਲਦੀ - ਅਕਸਰ ਤੁਹਾਨੂੰ ਕੁਝ ਵੀ ਗਲਤ ਨ ਆਉਣ ਤੋਂ ਪਹਿਲਾਂ ਪਤਾ ਲਗਾਉਣ ਵਿੱਚ ਮਦਦ ਮਿਲ ਸਕਦੀ ਹੈ।

ਜੇ ਫੇਫੜਿਆਂ ਦੇ ਕੈਂਸਰ ਜਾਂ ਫਿਰ ਸਾਹ ਲੈਣ ਜਾਂ ਫੇਫੜਿਆਂ ਵਿੱਚ ਕਿਸੇ ਹੋਰ ਕਿਸਮ ਦੀ ਸਮੱਸਿਆ ਜਲਦੀ ਪਤਾ ਚੱਲ ਜਾਂਦਾ ਹੈ, ਤਾਂ ਇਲਾਜ ਸੌਖਾ ਹੋ ਸਕਦਾ ਹੈ ਅਤੇ ਜ਼ਿਆਦਾ ਸਫਲ ਵੀ ਹੋ ਸਕਦਾ

## ਅਸੀਂ ਕਿਨ੍ਹਾਂ ਨੂੰ ਸੱਦਾ ਦੇ ਰਹੇ ਹਾਂ?

ਫੇਫੜਿਆਂ ਦੀ ਸਿਹਤ ਜਾਂਚ ਦੀ ਸੁਵਿਧਾ ਤੁਹਾਡੇ ਖੇਤਰ ਵਿੱਚ ਅਜਿਹੇ ਲੋਕਾਂ ਨੂੰ ਉਪਲਬਧ ਕਰਵਾਈ ਰਹੀ ਹੈ, ਜਿਨ੍ਹਾਂ ਦੀ ਉਮਰ 55 ਸਾਲ ਜਾਂ ਫਿਰ 75 ਸਾਲ ਤੋਂ ਘੱਟ ਹੈ ਅਤੇ ਉਹ ਸਿਗਰਟਨੋਸ਼ੀ ਕਰਦੇ ਜਾਂ ਪਹਿਲਾਂ ਕਰਦੇ ਸੀ।

NHS ਫੇਫੜਿਆਂ ਦੀ ਸਿਹਤ ਜਾਂਚ NHS ਸਿਹਤ ਜਾਂਚਾਂ ਨਾਲੋਂ ਵੱਖ ਹੁੰਦੀ ਹੈ।

ਭਾਵੇਂ ਤੁਸੀਂ ਹਾਲ ਹੀ ਵਿੱਚ ਸਿਹਤ ਜਾਂਚ ਕਰਵਾਈ ਹੈ, ਪਰ ਫਿਰ ਵੀ ਤੁਹਾਨੂੰ ਆਪਣੇ ਫੇਫੜਿਆਂ ਦੀ ਸਿਹਤ ਜਾਂਚ ਕਰਵਾਉਣ ਉੱਪਰ ਗੌਰ ਕਰਨਾ ਚਾਹੀਦਾ ਹੈ।



"ਜੇ ਤੁਹਾਨੂੰ ਫੇਫੜਿਆਂ ਦੀ ਸਿਹਤ ਜਾਂਚ ਦਾ ਸੱਦਾ ਮਿਲਿਆ ਹੈ, ਤਾਂ ਕਿਰਪਾ ਕਰਕੇ ਜਾਓ।

ਤੁਹਾਨੂੰ ਕੋਈ ਨੁਕਸਾਨ ਨਹੀਂ ਹੋਵੇਗਾ, ਸਗੋਂ ਕੋਈ ਨਾ ਕੋਈ ਫਾਇਦਾ ਹੀ ਹੋਵੇਗਾ।

ਮੈਂ ਜਿਓਂਦਾ-ਜਾਗਦਾ ਸਬੂਤ ਹਾਂ, ਜਲਦੀ ਪਤਾ ਲੱਗਣ ਨਾਲ, ਤੁਸੀਂ ਬਾਅਦ ਵਿੱਚ ਆਪਣੀ ਜ਼ਿੰਦਗੀ ਪੂਰੀ ਅਤੇ ਖੁਸ਼ੀ ਨਾਲ ਜੀ ਸਕਦੇ ਹੋ।"

ਟੈਰੀ ਕੇ (Terri Kay)
ਫੇਫੜਿਆਂ ਦੀ ਸਿਹਤ ਜਾਂਚ ਦਾ ਇੱਕ ਮੁਲਾਕਾਤੀ

**55-74 ਸਾਲ ਦੀ ਉਮਰ ਦੇ ਲੋਕਾਂ ਲਈ ਇੱਕ ਸੌਖਾ ਜਿਹਾ ਚੈੱਕ-ਅੱਪ, ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਤੁਹਾਡੇ ਫੇਫੜੇ ਕਿਨ੍ਹਾਂ ਵਧੀਆ ਕੰਮ ਕਰ ਰਹੇ ਹਨ।**

# ਫੇਫੜਿਆਂ ਦੀ ਸਿਹਤ ਜਾਂਚ ਸਮੇਂ ਕੀ ਹੁੰਦਾ ਹੈ?

ਤੁਹਾਡੀ ਮੁਲਾਕਾਤ ਸਮੇਂ ਤੁਸੀਂ ਇੱਕ ਨਰਸ ਨਾਲ ਮਿਲੋਗੇ। ਤੁਹਾਡੇ ਫੇਫੜਿਆਂ ਦੀ ਸਿਹਤ ਜਾਂਚ ਵਿੱਚ ਤਕਰੀਬਨ 30 ਮਿੰਟ ਲੱਗਣਗੇ।

1. ਨਰਸ ਤੁਹਾਡੇ ਤੋਂ ਤੁਹਾਡੇ ਸਾਹ ਅਤੇ ਤੁਹਾਡੇ ਫੇਫੜਿਆਂ ਦੀ ਸਮੁੱਚੀ ਸਿਹਤ ਬਾਰੇ ਕੁਝ ਸਵਾਲ ਪੁੱਛੇਗੀ। ਉਹ ਤੁਹਾਡੇ ਤੋਂ ਤੁਹਾਡੀ ਜੀਵਨਸ਼ੈਲੀ, ਪਰਿਵਾਰ ਅਤੇ ਡਾਕਟਰੀ ਇਤਿਹਾਸ ਬਾਰੇ ਪੁੱਛਣਗੇ।

2. ਤੁਹਾਡੇ ਫੇਫੜਿਆਂ ਵਿੱਚ ਕਿਸੇ ਕਿਸਮ ਦੀ ਸਮੱਸਿਆ ਦਾ ਪਤਾ ਲਗਾਉਣ ਲਈ ਉਹ ਤੁਹਾਡੇ ਸਾਹ ਲੈਣ ਦੇ ਤਰੀਕੇ ਦੀ ਜਾਂਚ ਕਰ ਸਕਦੇ ਹਨ। ਇਹ ਇੱਕ ਸੌਖੀ ਜਿਹੀ ਜਾਂਚ ਹੈ, ਜਿਸ ਵਿੱਚ ਤੁਸੀਂ ਸਪਾਈਰੋਮੀਟਰ ਨਾਮ ਦੀ ਹੱਥ ਵਿੱਚ ਫੜੀ ਜਾ ਸਕਣ ਵਾਲੀ ਮਸ਼ੀਨ ਵਿੱਚ ਫੂਕ ਮਾਰੋਗੇ। ਇਹ ਮਸ਼ੀਨ ਇਹ ਮਾਪਦੀ ਹੈ ਕਿ ਤੁਸੀਂ ਕਿੰਨੀਂ ਹਵਾ ਅੰਦਰ ਲਈ ਹੈ ਅਤੇ ਕਿੰਨੀਂ ਬਾਹਰ ਛੱਡੀ ਹੈ।

3. ਨਰਸ ਫੇਫੜਿਆਂ ਦਾ ਸਕੈਨ ਕਰਨ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੀ ਹੈ। ਇਸ ਵਿੱਚ ਫੇਫੜਿਆਂ ਦੇ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਦੀ ਜਾਂਚ ਹੁੰਦੀ ਹੈ ਅਤੇ ਇਸ ਨੂੰ ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ (lung cancer screening) ਕਿਹਾ ਜਾਂਦਾ ਹੈ।

4. ਉਹ ਫੇਫੜਿਆਂ ਦੀ ਸਿਹਤ ਜਾਂਚ ਪ੍ਰੋਗਰਾਮ ਨੂੰ ਹੋਰ ਬਿਹਤਰ ਕਰਨ ਵਿੱਚ ਸਾਡੀ ਮਦਦ ਕਰਨ ਲਈ ਤੁਹਾਡੇ ਤੋਂ ਤੁਹਾਡੀ ਜਾਣਕਾਰੀ ਆਪਣੀ ਫ਼ਾਈਲ ਵਿੱਚ ਰੱਖਣ ਦੇਣ ਦੀ ਇਜਾਜ਼ਤ ਮੰਗ ਸਕਦੇ ਹਨ।

ਤੁਹਾਡੇ ਕੋਲ ਆਪਣੀ ਨਰਸ ਨਾਲ ਗੱਲ ਕਰਨ ਅਤੇ ਕਿਸੇ ਵੀ ਕਿਸਮ ਦੇ ਸਵਾਲ ਪੁੱਛਣ ਲਈ ਖੁੱਲ੍ਹਾ ਸਮਾਂ ਹੋਵੇਗਾ।

ਤੁਸੀਂ ਚਾਹੋ ਤਾਂ ਜਾਂਚ ਵਾਲੇ ਦਿਨ ਤੁਸੀਂ ਆਪਣੇ ਨਾਲ ਕਿਸੇ ਦੋਸਤ, ਪਰਿਵਾਰ ਦੇ ਜੀਅ ਜਾਂ ਸਾਥੀ ਨੂੰ ਲਿਆ ਸਕਦੇ ਹੋ।

## ਫੇਫੜਿਆਂ ਦੀ ਸਿਹਤ ਜਾਂਚ ਦੇ ਨਤੀਜੇ

ਤੁਹਾਡੇ ਫੇਫੜਿਆਂ ਦੀ ਜਾਂਚ ਦੇ ਤਿੰਨ ਸੰਭਵ ਨਤੀਜੇ ਹੋ ਸਕਦੇ ਹਨ:

**ਕੋਈ ਸਮੱਸਿਆ ਨਹੀਂ ਮਿਲੀ।**
ਨਰਸ ਨੂੰ ਅਜਿਹੀ ਕੋਈ ਚੀਜ਼ ਨਹੀਂ ਮਿਲੀ, ਜਿਸ ਦੇ ਲਈ ਕਿਸੇ ਹੋਰ ਜਾਂਚ ਦੀ ਲੋੜ ਹੋਵੇ। ਅਸੀਂ ਤੁਹਾਡੇ GP ਨੂੰ ਲਿਖਾਂਗੇ, ਤਾਂ ਜੋ ਉਹਨਾਂ ਨੂੰ ਇਸ ਮੁਲਾਕਾਤ ਬਾਰੇ ਦੱਸਿਆ ਜਾ ਸਕੇ।

**ਤੁਹਾਡੇ GP ਨੂੰ ਰੈਫ਼ਰ ਕਰਨਾ।**
ਜੇ ਤੁਹਾਡੇ ਸਾਹ ਲੈਣ ਦੇ ਤਰੀਕੇ ਜਾਂ ਫਿਰ ਫੇਫੜਿਆਂ ਵਿੱਚ ਕੋਈ ਸਮੱਸਿਆ ਮਿਲਦੀ ਹੈ, ਤਾਂ ਤੁਹਾਡੀ ਨਰਸ ਤੁਹਾਨੂੰ ਤੁਹਾਡੇ GP ਨੂੰ ਰੈਫ਼ਰ ਕਰ ਸਕਦੀ ਹੈ। ਅਸੀਂ ਤੁਹਾਡੇ GP ਨੂੰ ਲਿਖਾਂਗੇ, ਤਾਂ ਜੋ ਉਹਨਾਂ ਨੂੰ ਇਸ ਮੁਲਾਕਾਤ ਬਾਰੇ ਦੱਸਿਆ ਜਾ ਸਕੇ।

**ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਸਕੈਨ ਦੀ ਸੁਵਿਧਾ ਦੇਣਾ**
ਤੁਹਾਨੂੰ ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਸਕੈਨ ਦੀ ਸੁਵਿਧਾ ਦਿੱਤੀ ਜਾਂਦੀ ਹੈ ਜਾਂ ਨਹੀਂ, ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਹਾਨੂੰ ਹੁਣ ਜਾਂ ਫਿਰ ਭਵਿੱਖ ਵਿੱਚ ਫੇਫੜਿਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਕਿਨ੍ਹੀਂ ਹੈ। ਅਸੀਂ ਖਤਰੇ ਦਾ ਅੰਦਾਜ਼ਾ ਤੁਹਾਡੀ ਜੀਵਨਸ਼ੈਲੀ, ਡਾਕਟਰੀ ਅਤੇ ਪਰਿਵਾਰ ਇਤਿਹਾਸ ਤੋਂ ਲਗਾਉਂਦੇ ਹਾਂ। ਨਰਸ ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰੇਗੀ ਕਿ ਇਹ ਜਾਂਚ ਤੁਹਾਡੇ ਲਈ ਸਹੀ ਹੈ ਜਾਂ ਨਹੀਂ। ਅਸੀਂ ਤੁਹਾਡੇ GP ਨੂੰ ਲਿਖਾਂਗੇ, ਤਾਂ ਜੋ ਉਹਨਾਂ ਨੂੰ ਇਸ ਮੁਲਾਕਾਤ ਬਾਰੇ ਦੱਸਿਆ ਜਾ ਸਕੇ।

## ਫੇਫੜਿਆਂ ਦਾ ਕੈਂਸਰ ਕੀ ਹੁੰਦਾ ਹੈ?

ਫੇਫੜਿਆਂ ਦਾ ਕੈਂਸਰ ਕੈਂਸਰ ਦੀਆਂ ਸਭ ਤੋਂ ਆਮ ਕਿਸਮਾਂ ਵਿੱਚੋਂ ਇੱਕ ਹੈ।

ਫੇਫੜਿਆਂ ਵਿੱਚ ਕੈਂਸਰ ਉਦੋਂ ਬਣਦਾ ਹੈ, ਜਦੋਂ ਅਸੁਭਾਵਿਕ ਸੈੱਲ ਫੇਫੜਿਆਂ ਵਿੱਚ ਇੱਕ ਗੰਢ ਬਣਾਉਣ ਲਈ ਬੇਹਿਸਾਬੇ ਢੰਗ ਨਾਲ ਵੰਡੇ ਜਾਣ ਲੱਗ ਜਾਂਦੇ ਹਨ।

ਫੇਫੜਿਆਂ ਦੇ ਕੈਂਸਰ ਦੇ ਸ਼ੁਰੂਆਤੀ ਪੜਾਵਾਂ ਵਿੱਚ ਆਮ ਤੌਰ 'ਤੇ ਕੋਈ ਸੰਕੇਤ ਜਾਂ ਲੱਛਣ ਨਜ਼ਰ ਨਹੀਂ ਆਉਂਦੇ ਹਨ।

ਕੈਂਸਰ ਬਾਰੇ ਛੇਤੀ ਪਤਾ ਲੱਗਣ ਦਾ ਮਤਲਬ ਹੈ ਕਿ ਇਸ ਦਾ ਇਲਾਜ ਕੀਤੇ ਜਾ ਸਕਣ ਦੀ ਸੰਭਾਵਨਾ ਵੀ ਜ਼ਿਆਦਾ ਹੈ।

ਜ਼ਿਆਦਾਤਰ ਫੇਫੜਿਆਂ ਦੇ ਕੈਂਸਰ ਇਨ੍ਹੀਂ ਕੁ ਹੌਲੀ-ਹੌਲੀ ਵੱਧਦੇ ਹਨ ਕਿ ਘੱਟ-ਖ਼ੁਰਾਕ ਵਾਲੇ CT (ਕੰਪਿਊਟਿਡ ਟੋਮੋਗ੍ਰਾਫੀ (Computed Tomography)) ਸਕੈਨ ਰਾਹੀਂ ਸ਼ੁਰੂਆਤੀ ਪੜਾਅ ਵਿੱਚ ਇਸ ਦਾ ਪਤਾ ਲਗਾਇਆ ਜਾ ਸਕਦਾ ਹੈ।

**ਫੇਫੜਿਆਂ ਦੇ ਕੈਂਸਰ ਦਾ ਛੇਤੀ ਪਤਾ ਲਗਾਉਣ ਵਿੱਚ ਮਦਦ ਕਰਨ ਲਈ ਹੀ ਅਸੀਂ ਇਹ ਫੇਫੜਿਆਂ ਦੀ ਸਿਹਤ ਜਾਂਚ ਸੈੱਟ-ਅੱਪ ਕੀਤੀ ਹੈ।**

## ਫੇਫੜਿਆਂ ਦੇ ਕੈਂਸਰ ਦਾ ਮੁਢਲੀ-ਜਾਂਚ ਸਕੈਨ ਕੀ ਹੁੰਦਾ ਹੈ?

ਫੇਫੜਿਆਂ ਦੇ ਕੈਂਸਰ ਦੇ ਮੁਢਲੀ-ਜਾਂਚ ਸਕੈਨ ਵਿੱਚ ਘੱਟ-ਖ਼ੁਰਾਕ ਵਾਲੇ CT ਸਕੈਨ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਤੁਹਾਨੂੰ ਕੋਈ ਵੀ ਲੱਛਣ ਨਜ਼ਰ ਆਉਣ ਤੋਂ ਪਹਿਲਾਂ ਫੇਫੜਿਆਂ ਦੇ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਦੀ ਜਾਂਚ ਕੀਤੀ ਜਾ ਸਕੇ। ਇਹ ਇੱਕ ਖ਼ਾਸ ਕਿਸਮ ਦਾ ਸਕੈਨ ਹੁੰਦਾ ਹੈ, ਜਿਸ ਵਿੱਚ ਰੈਡੀਏਸ਼ਨ ਦੀ ਬਹੁਤ ਘੱਟ ਮਾਤਰਾ ਵਰਤੀ ਜਾਂਦੀ ਹੈ ਅਤੇ ਤੁਹਾਡੇ ਫੇਫੜਿਆਂ ਦੀ ਵਿਸਥਾਰਤ ਤਸਵੀਰ ਲੈਣ ਲਈ ਇੱਕ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ।

## ਫੇਫੜਿਆਂ ਦੇ ਕੈਂਸਰ ਦੇ ਮੁਢਲੀ-ਜਾਂਚ ਸਕੈਨ ਦੌਰਾਨ ਕੀ ਹੁੰਦਾ ਹੈ?

1. ਸਕੈਨ ਦੇ ਦੌਰਾਨ, ਆਮ ਤੌਰ 'ਤੇ ਤੁਸੀਂ ਇੱਕ ਅਜਿਹੇ ਬੈਡ 'ਤੇ ਪਿੱਠ ਪਰਨੇ ਲੇਟੋਗੇ, ਜੋ ਹੌਲੀ-ਹੌਲੀ CT ਸਕੈਨਰ ਦੇ ਅੰਦਰ ਜਾਂਦਾ ਹੈ। ਸਕੈਨਰ ਦੇਖਣ ਵਿੱਚ ਇੱਕ ਮੁੰਦਰੀ (ring) ਵਰਗਾ ਹੁੰਦਾ ਹੈ ਅਤੇ ਤੁਹਾਡੇ ਅੰਦਰ ਜਾਂਦੇ-ਜਾਂਦੇ ਇਹ ਤੁਹਾਡੇ ਸਰੀਰ ਦੇ ਇੱਕ ਹਿੱਸੇ ਦੇ ਆਲੇ-ਦੁਆਲੇ ਘੁੰਮਦਾ ਹੈ।

2. ਖ਼ਾਸ-ਸਿਖਲਾਈ ਪ੍ਰਾਪਤ ਸਟਾਫ (ਇਹਨਾਂ ਨੂੰ ਰੇਡੀਓਗ੍ਰਾਫਰ ਕਿਹਾ ਜਾਂਦਾ ਹੈ) CT ਕਮਰੇ ਵਿੱਚ ਸਕ੍ਰੀਨ ਦੀ ਪਿੱਛੇ ਦੀ ਸਕੈਨਰ ਨੂੰ ਕੰਟਰੋਲ ਕਰਦੇ ਹਨ। ਸਕੈਨ ਦੇ ਦੌਰਾਨ ਤੁਸੀਂ ਉਹਨਾਂ ਨਾ ਦੇਖ ਸਕੋਗੇ ਅਤੇ ਉਹਨਾਂ ਨਾਲ ਗੱਲ ਵੀ ਕਰ ਸਕੋਗੇ।

3. ਜਦੋਂ ਸਕੈਨ ਚੱਲ ਰਿਹਾ ਹੁੰਦਾ ਹੈ, ਉਦੋਂ ਤੁਹਾਨੂੰ ਬਿਲਕੁਲ ਸਥਿਰ ਲੇਟਣਾ ਹੁੰਦਾ ਹੈ ਅਤੇ 10 ਸਕਿੰਟਾਂ ਲਈ ਸਾਹ ਲੈਣ ਸੰਬੰਧੀ ਅਸਾਨ ਜਿਹੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਹੁੰਦੀ ਹੈ। ਇਸ ਨਾਲ ਯਕੀਨੀ ਹੋ ਜਾਂਦਾ ਹੈ ਕਿ ਤਸਵੀਰਾਂ ਧੁੰਧਲੀਆਂ ਨਹੀਂ ਆਉਣਗੀਆਂ।

4. ਸਕੈਨ ਦੌਰਾਨ ਕੋਈ ਦਰਦ ਨਹੀਂ ਹੁੰਦਾ ਹੈ ਅਤੇ ਸਕੈਨ ਦੇ ਬਾਅਦ ਤੁਸੀਂ ਪਹਿਲਾਂ ਵਾਂਗ ਹੀ ਖਾ-ਪੀ ਅਤੇ ਡ੍ਰਾਈਵ ਕਰ ਸਕੋਗੇ।



## ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਦੇ ਨਤੀਜੇ

ਤੁਹਾਨੂੰ ਚਾਰ ਹਫਤਿਆਂ ਦੇ ਅੰਦਰ-ਅੰਦਰ ਤੁਹਾਡੇ ਨਤੀਜੇ ਮਿਲ ਜਾਣਗੇ। ਚਾਰ ਸੰਭਵ ਨਤੀਜੇ ਹੁੰਦੇ ਹਨ:

### ਕੋਈ ਸਮੱਸਿਆ ਨਹੀਂ ਮਿਲੀ

ਇਸ ਦਾ ਮਤਲਬ ਹੈ ਕਿ ਸਕੈਨ ਵਿੱਚ ਫੇਫੜਿਆਂ ਦਾ ਕੈਂਸਰ ਹੋਣ ਜਾਂ ਫਿਰ ਕਿਸੇ ਹੋਰ ਕਿਸਮ ਦੀ ਗੜਬੜੀ ਦੇ ਕੋਈ ਸੰਕੇਤ ਨਹੀਂ ਮਿਲੇ। ਅਸੀਂ ਤੁਹਾਨੂੰ ਨਤੀਜਿਆਂ ਦੇ ਨਾਲ ਲਿਖਾਂਗੇ ਅਤੇ ਤੁਹਾਨੂੰ ਦੋ ਸਾਲਾਂ ਬਾਅਦ ਦੁਬਾਰਾ ਸਕੈਨ ਕਰਾਉਣ ਲਈ ਬੁਲਾਵਾਂਗੇ। ਪਰ, ਇਹ ਵੀ ਸੰਭਵ ਹੋ ਸਕਦਾ ਹੈ ਕਿ ਫੇਫੜਿਆਂ ਦਾ ਕੈਂਸਰ ਵਿਕਸਿਤ ਹੋ ਗਿਆ ਹੋਵੇ ਜਾਂ ਫਿਰ ਸਕੈਨ ਵਿੱਚ ਇਸ ਦਾ ਪਤਾ ਨਾ ਲੱਗ ਪਾਇਆ ਹੋਵੇ। ਜੇ ਤੁਹਾਨੂੰ ਆਪਣੇ ਅਗਲੇ ਸਕੈਨ ਤੋਂ ਪਹਿਲਾਂ ਕਿਸੇ ਵੀ ਕਿਸਮ ਦੀ ਅਸਧਾਰਨ ਚੀਜ਼ ਮਹਿਸੂਸ ਹੁੰਦੀ ਹੈ, ਤਾਂ ਆਪਣੇ ਡਾਕਟਰ ਨੂੰ ਦੱਸੋ।

### ਹੋਰ ਸਕੈਨ ਦੀ ਲੋੜ ਹੈ

ਆਮ ਤੌਰ 'ਤੇ ਇਸ ਦਾ ਮਤਲਬ ਹੁੰਦਾ ਹੈ ਕਿ ਸਕੈਨ ਵਿੱਚ ਕੁਝ ਸ਼ੱਕ ਆਇਆ ਹੈ। ਇਹ ਸ਼ਾਇਦ ਕੁਝ ਹਾਨੀਰਹਿਤ ਹੋ ਸਕਦਾ ਹੈ, ਪਰ ਇਹ ਜ਼ਿਆਦਾ ਗੰਭੀਰ ਵੀ ਹੋ ਸਕਦਾ ਹੈ। ਅਸੀਂ ਤੁਹਾਨੂੰ ਲਿਖਾਂਗੇ ਅਤੇ ਆਮ ਨਾਲੋਂ ਜਦਲੀ, ਤਕਰੀਬਨ ਤਿੰਨ ਮਹੀਨਿਆਂ ਵਿੱਚ, ਸਿਰਫ ਜਾਂਚ ਕਰਨ ਲਈ ਦੁਬਾਰਾ ਸਕੈਨ ਕਰਨ ਲਈ ਬੁਲਾਵਾਂਗੇ।

### ਅਸੁਭਾਵਿਕ ਨਤੀਜਾ

ਇਸ ਦਾ ਮਤਲਬ ਹੈ ਕਿ ਸਕੈਨ ਵਿੱਚ ਕੁਝ ਨਾ ਕੁਝ ਤਾਂ ਅਸੁਭਾਵਿਕ ਆਇਆ ਹੈ ਅਤੇ ਤੁਹਾਡੀ ਹੋਰ ਜਾਂਚ ਹੋਣੀ ਚਾਹੀਦੀ ਹੈ। ਅਸੀਂ ਤੁਹਾਨੂੰ ਕਾਲ ਕਰਾਂਗੇ ਅਤੇ ਹਸਪਤਾਲ ਨੂੰ ਲਿਖਾਂਗੇ, ਤਾਂ ਜੋ ਡਾਕਟਰ ਤੁਹਾਡੀ ਜਾਂਚ ਕਰੇ। ਇਸ ਦਾ ਮਤਲਬ ਤੁਹਾਨੂੰ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ। ਅਸੁਭਾਵਿਕ ਨਤੀਜੇ ਵਾਲੇ ਤਕਰੀਬਨ ਅੱਧੇ ਲੋਕਾਂ ਨੂੰ ਫੇਫੜਿਆਂ ਦਾ ਕੈਂਸਰ ਹੋਵੇਗਾ।

### ਇਤਫ਼ਾਕੀਆ ਜਾਣਕਾਰੀ

ਇਸ ਦਾ ਮਤਲਬ ਹੈ ਕਿ ਫੇਫੜਿਆਂ ਦੇ ਕੈਂਸਰ ਦੇ ਤਾਂ ਕੋਈ ਸੰਕੇਤ ਨਹੀਂ ਹਨ, ਪਰ ਸਕੈਨ ਵਿੱਚ ਹੋਰ ਸਮੱਸਿਆਵਾਂ ਦੇ ਸੰਕੇਤ ਮਿਲੇ ਹਨ, ਜਿਨ੍ਹਾਂ ਲਈ ਇਲਾਜ ਜਾਂ ਫਿਰ ਡਾਕਟਰੀ ਸਲਾਹ ਦੀ ਲੋੜ ਹੋ ਸਕਦੀ ਹੈ। ਅਸੀਂ ਤੁਹਾਨੂੰ ਅਤੇ ਤੁਹਾਡੇ GP ਨੂੰ ਲਿਖਾਂਗੇ; ਤੁਹਾਨੂੰ ਸ਼ਾਇਦ ਆਪਣੇ GP ਜਾਂ ਕਿਸੇ ਹੋਰ ਡਾਕਟਰ ਨੂੰ ਦਿਖਾਉਣ ਦੀ ਲੋੜ ਪੈ ਸਕਦੀ ਹੈ।

ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਦੇ ਫਾਇਦੇ ਅਤੇ ਨੁਕਸਾਨ ਹੁੰਦੇ ਹਨ। ਜੇ ਤੁਹਾਨੂੰ ਮੁਢਲੀ-ਜਾਂਚ ਕਰਾਉਣ ਦੀ ਸੁਵਿਧੀ ਉਪਲਬਧ ਕਰਵਾਈ ਜਾਂਦੀ ਹੈ, ਤਾਂ ਤੁਸੀਂ ਇਸ ਮੁਢਲੀ-ਜਾਂਚ ਲਈ ਜਾਣਾ ਚਾਹੁੰਦੇ ਹੋ ਜਾਂ ਨਹੀਂ, ਇਹ ਫੈਸਲਾ ਲੈਣ ਵਿੱਚ ਮਦਦ ਲਈ ਤੁਹਾਨੂੰ ਇਸ ਕਿਤਾਬਚੇ ਵਿੱਚ ਦਿੱਤੀ ਜਾਣਕਾਰੀ ਪੜ੍ਹਨੀ ਚਾਹੀਦੀ ਹੈ।



## ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਦੇ ਸੰਭਵ ਫਾਇਦੇ ਕੀ ਹਨ?

ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਰਾਹੀਂ ਲੋਕਾਂ ਵਿੱਚ ਫੇਫੜਿਆਂ ਦਾ ਕੈਂਸਰ ਹੋਣ ਦਾ ਜਲਦੀ ਪਤਾ ਲੱਗਣ ਦੀ ਸੰਭਾਵਨਾ ਤਕਰੀਬਨ ਤਿੰਨ ਗੁਣਾ ਜ਼ਿਆਦਾ ਹੁੰਦੀ ਹੈ। ਜਲਦੀ ਪਤਾ ਲੱਗੇ ਫੇਫੜਿਆਂ ਦੇ ਕੈਂਸਰ ਦਾ ਇਲਾਜ ਕੀਤਾ ਜਾ ਸਕਦਾ ਹੈ।

- ਜਦੋਂ ਜਲਦੀ ਪਤਾ ਲੱਗ ਜਾਂਦਾ ਹੈ, ਉਦੋਂ ਇਲਾਜ ਸੌਖਾ ਹੋ ਜਾਂਦਾ ਹੈ ਅਤੇ ਜ਼ਿਆਦਾ ਸਫਲ ਰਹਿੰਦਾ ਹੈ। ਛੋਟੇ ਅਤੇ ਜਲਦੀ ਪਤਾ ਲੱਗੇ ਫੇਫੜਿਆਂ ਦੇ ਕੈਂਸਰ ਨੂੰ ਸਰਜਰੀ ਰਾਹੀਂ ਜਾਂ ਫਿਰ ਰੇਡੀਓਥੈਰੇਪੀ ਇਲਾਜ (ਕੈਂਸਰ ਵਾਲੇ ਸੈੱਲਾਂ ਨੂੰ ਮਾਰਨ ਲਈ ਵਰਤੀ ਜਾਂਦੀ ਰੇਡੀਏਸ਼ਨ) ਰਾਹੀਂ ਅਕਸਰ ਹੀ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕਦਾ ਹੁੰਦਾ ਹੈ, ਬਸ਼ਰਤੇ ਜਲਦੀ ਪਤਾ ਲੱਗ ਜਾਵੇ।
- ਖੋਜ ਤੋਂ ਪਤਾ ਚੱਲਿਆ ਹੈ ਕਿ ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਨਾਲ ਫੇਫੜਿਆਂ ਦੇ ਕੈਂਸਰ ਨਾਲ ਹੋਣ ਵਾਲੀ ਮੌਤ ਦਾ ਖਤਰਾ ਹਰੇਕ ਸਕੈਨ ਦੇ ਬਾਅਦ ਤਕਰੀਬਨ 25% ਘੱਟ ਜਾਂਦਾ ਹੈ।

## ਜਲਦੀ ਪਤਾ ਲੱਗਣ ਨਾਲ ਫਰਕ ਕਿਉਂ ਪੈਂਦਾ ਹੈ




ਤੁਹਾਡੇ ਦੋ ਫੇਫੜੇ ਹੁੰਦੇ ਹਨ, ਜਿਸ ਦੇ ਪੰਜ ਸੈਕਸ਼ਨ ਹੁੰਦੇ ਹਨ, ਇਹਨਾਂ ਨੂੰ ਲੋਬਸ (lobes) ਕਿਹਾ ਜਾਂਦਾ ਹੈ।

ਹਰੇਕ ਫੇਫੜਾ ਹਜ਼ਾਰਾਂ ਅੰਗੂਰਾਂ ਵਰਗੀਆਂ ਥੈਲੀਆਂ (sacs) ਦਾ ਬਣਿਆ ਹੁੰਦਾ ਹੈ, ਜਿਹਨਾਂ ਨੂੰ ਐਲਵਿਓਲੀ (alveoli) ਕਿਹਾ ਜਾਂਦਾ ਹੈ।

**ਜੇ ਫੇਫੜੇ ਦੇ ਕਿਸੇ ਇੱਕ ਹਿੱਸੇ ਵਿੱਚ ਕੋਈ ਸਮੱਸਿਆ ਨਜ਼ਰ ਆਉਂਦੀ ਹੈ, ਤਾਂ ਛੇਤੀ ਇਲਾਜ ਸਿਰਫ ਉਸੇ ਹਿੱਸੇ 'ਤੇ ਫੋਕਸ ਕਰ ਸਕਦਾ ਹੈ, ਜਿਸ 'ਤੇ ਅਸਰ ਪਿਆ ਹੈ।**

## ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਦੇ ਸੰਭਵ ਨੁਕਸਾਨ ਕੀ ਹਨ?

ਘੱਟ-ਖ਼ੁਰਾਕ ਵਾਲੇ CT ਸਕੈਨ ਦੌਰਾਨ ਤੁਸੀਂ ਰੈਡੀਏਸ਼ਨ ਦੀ ਬਹੁਤ ਘੱਟ ਮਾਤਰਾ ਦੇ ਸੰਪਰਕ ਵਿੱਚ ਆਓਗੇ। ਇਹ ਮਾਤਰਾ ਤਕਰੀਬਨ ਇੱਕ ਸਾਲ ਦੇ ਦੌਰਾਨ ਕੁਦਰਤੀ ਵਾਤਾਵਰਣ ਵਿੱਚ ਮੌਜੂਦ ਰੈਡੀਏਸ਼ਨ ਦੇ ਸੰਪਰਕ ਵਿੱਚ ਆਉਣ ਦੇ ਬਰਾਬਰ ਹੀ ਹੁੰਦੀ ਹੈ।

ਮੁਢਲੀ-ਜਾਂਚ ਵਿੱਚ ਹਮੇਸ਼ਾਂ ਕੈਂਸਰ ਦਾ ਪਤਾ ਨਹੀਂ ਲੱਗਦਾ ਹੈ ਅਤੇ ਕੁਝ ਲੋਕਾਂ ਨੂੰ ਫੇਫੜਿਆਂ ਦਾ ਕੈਂਸਰ ਹੋਣ ਦਾ ਪਤਾ ਨਹੀਂ ਵੀ ਲੱਗਦਾ ਹੈ। ਇਸ ਨੂੰ ਗਲਤ ਨਕਾਰਾਤਮਕ ਨਤੀਜਾ ਕਹਿੰਦੇ ਹਨ ਅਤੇ ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਵਿੱਚ ਇਹ ਬਹੁਤ ਆਮ ਗੱਲ ਹੈ। ਕਦੇ-ਕਦੇ ਕੈਂਸਰ ਮੁਢਲੀ-ਜਾਂਚ ਦੇ ਬਾਅਦ ਤੋਂ ਵਧਣਾ ਸ਼ੁਰੂ ਕਰ ਸਕਦਾ ਹੈ।

ਕੁਝ ਲੋਕਾਂ ਵਿੱਚ, ਜਾਂਚ ਵਿੱਚ ਕੁਝ ਅਜਿਹੀਆਂ ਚੀਜ਼ਾਂ ਸਾਹਮਣੇ ਆ ਜਾਂਦੀਆਂ ਹਨ, ਫਿਰ ਭਾਵੇਂ ਉਹਨਾਂ ਨੂੰ ਫੇਫੜਿਆਂ ਦਾ ਕੈਂਸਰ ਨਾ ਵੀ ਹੋਵੇ। ਇਸ ਨੂੰ ਗਲਤ ਸਕਾਰਾਤਮਕ ਕਿਹਾ ਜਾਂਦਾ ਹੈ ਅਤੇ ਇਸ ਦਾ ਮਤਲਬ ਹੋਵੇਗਾ ਕਿ ਤੁਹਾਨੂੰ ਹੋਰ ਜਾਂਚਾਂ, ਜਿਵੇਂ ਕਿ ਹੋਰ ਸਕੈਨ ਜਾਂ ਬਾਇਓਪਸੀ, ਕਰਾਉਣ ਦੀ ਲੋੜ ਹੋਵੇਗੀ। ਇਸ ਨਾਲ ਲੋਕਾਂ ਨੂੰ ਘਬਰਾਹਟ ਜਾਂ ਚਿੰਤਾ ਹੋਣ ਲੱਗ ਸਕਦੀ ਹੈ ਅਤੇ ਇਹਨਾਂ ਅਗਲੀਆਂ ਜਾਂਚਾਂ ਦੇ ਖਤਰੇ ਵਿੱਚ ਹੁੰਦੇ ਹਨ।

ਇਲਾਜ ਦੀ ਲੋੜ ਲਈ ਕੈਂਸਰ ਦਾ ਪਤਾ ਲਗਾਉਣ ਦੇ ਨਾਲ-ਨਾਲ, ਮੁਢਲੀ-ਜਾਂਚ ਵਿੱਚ ਅਜਿਹੇ ਫੇਫੜਿਆਂ ਦੇ ਕੈਂਸਰ ਵੀ ਨਜ਼ਰ ਆ ਸਕਦੇ ਹਨ, ਜੋ ਕਿਸੇ ਵਿਅਕਤੀ ਨੂੰ ਕਦੇ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ। ਇਸੇ ਕਰਕੇ, ਕੁਝ ਲੋਕਾਂ ਵਿੱਚ ਇਸ ਦੇ ਹੋਣ ਦੀ ਪੁਸ਼ਟੀ ਹੋ ਜਾਵੇਗੀ ਅਤੇ ਬਿਨਾਂ ਮਤਲਬ ਉਹਨਾਂ ਦਾ ਫੇਫੜਿਆਂ ਦੇ ਕੈਂਸਰ ਇਲਾਜ ਕੀਤਾ ਜਾਵੇਗਾ, ਜਿਸ ਬਾਰੇ ਸ਼ਾਇਦ ਕਦੇ ਪਤਾ ਵੀ ਨਹੀਂ ਸੀ ਚੱਲਣਾ। ਇਸ ਨੂੰ 'ਓਵਰਡਾਇਗਨੋਜ਼' ('overdiagnosis') ਕਹਿੰਦੇ ਹਨ।

# ਫੈਸਲਾ ਲੈਣ ਵਿੱਚ ਤੁਹਾਡੀ ਮਦਦ ਕਰਨਾ

ਉਹਨਾਂ 250 ਲੋਕਾਂ ਦਾ ਕੀ ਹੁੰਦਾ ਹੈ, ਜਿਨ੍ਹਾਂ ਦੀ ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਹੁੰਦੀ ਹੈ?

ਖੋਜ ਦਰਸਾਉਂਦੀ ਹੈ ਕਿ ਫੇਫੜਿਆਂ ਦੇ ਕੈਂਸਰ ਦੀ ਮੁਢਲੀ-ਜਾਂਚ ਕਰਾਉਣ ਵਾਲੇ ਜਿਹੜੇ 250 ਲੋਕਾਂ ਲਈ ਦੋ ਘੱਟ ਵਾਲੇ CT ਸਕੈਨ ਕੀਤੇ ਗਏ, ਉਹਨਾਂ ਵਿੱਚੋਂ:





188 ਲੋਕਾਂ ਦੇ ਕਿਸੇ ਵੀ ਸਕੈਨ ਵਿੱਚ ਕੋਈ ਖਰਾਬੀ ਨਜ਼ਰ ਨਹੀਂ ਆਵੇਗੀ।



42 ਲੋਕਾਂ ਦਾ ਪਹਿਲੇ ਸਕੈਨ ਦੇ ਨਤੀਜਿਆਂ ਦੇ ਆਧਾਰ 'ਤੇ ਇੱਕ ਹੋਰ CT ਸਕੈ
ਹੋਵੇਗਾ।



20 ਲੋਕ ਅਗਲੀਆਂ ਜਾਂਚਾਂ ਲਈ ਹਸਪਤਾਲ ਜਾਣਗੇ।

ਫੈਸਲਾ ਲੈਣ ਵਿੱਚ ਤੁਹਾਡੀ ਮਦਦ ਕਰਨਾ



ਅਗਲੀਆਂ ਜਾਂਚਾਂ ਲਈ ਹਸਪਤਾਲ ਜਾਣ ਵਾਲੇ ਲੋਕਾਂ ਨਾਲ ਕੀ ਹੋਵੇਗਾ?

3 ਦੇ ਹੋਰ ਸਕੈਨ ਹੋਣਗੇ, ਪਰ ਕੋਈ ਜਾਂਚ ਨਹੀਂ ਹੋਵੇਗੀ। ਉਹਨਾਂ ਨੂੰ ਫੇਫੜਿਆਂ ਦਾ ਕੈਂਸਰ ਨਹੀਂ ਹੋਵੇਗਾ।



7 ਦੀਆਂ ਹੋਰ ਜਾਂਚਾਂ ਹੋਣਗੀਆਂ, ਜਿਵੇਂ ਕਿ ਬਾਇਓਪਸੀ। ਉਹਨਾਂ ਨੂੰ ਫੇਫੜਿਆਂ ਦਾ ਕੈਂਸਰ ਨਹੀਂ ਹੋਵੇਗਾ।

500 ਲੋਕਾਂ ਵਿੱਚੋਂ 1 ਦੀ ਕੈਂਸਰ ਦਾ ਸ਼ੱਕ ਹੋਣ ਕਰਕੇ ਸਰਜਰੀ ਹੋਵੇਗੀ, ਪਰ ਬਾਅਦ ਵਿੱਚ ਉਹਨਾਂ ਨੂੰ ਦੱਸਿਆ ਜਾਵੇਗਾ ਕਿ ਕੋਈ ਕੈਂਸਰ ਨਹੀਂ ਮਿਲਿਆ।



10 ਦੀਆਂ ਹੋਰ ਜਾਂਚਾਂ ਹੋਣਗੀਆਂ, ਜਿਵੇਂ ਕਿ ਬਾਇਓਪਸੀ। ਉਹਨਾਂ ਨੂੰ ਫੇਫੜਿਆਂ ਦਾ ਕੈਂਸਰ ਹੋਵੇਗਾ। ਇਹਨਾਂ ਲੋਕਾਂ ਨੂੰ ਇਲਾਜ ਦੀ ਸੁਵਿਧਾ ਉਪਲਬਧ ਕਰਵਾਈ ਜਾਵੇਗੀ - ਅਕਸਰ ਹੀ ਸਰਜਰੀ ਦਾ ਵਿਕਲਪ - ਜਿਸ ਨਾਲ ਕੈਂਸਰ ਦਾ ਇਲਾਜ ਹੋ ਸਕਦਾ ਹੈ।

ਮੁਢਲੀ-ਜਾਂਚ ਕੀਤੇ ਗਏ ਹਰੇਕ 250 ਲੋਕਾਂ ਵਿੱਚੋਂ ਘੱਟੋ-ਘੱਟ 1 ਹੋਰ ਵਿਅਕਤੀ ਫੇਫੜਿਆਂ ਦੇ ਕੈਂਸਰ ਤੋਂ ਬੱਚ ਜਾਵੇਗਾ, ਜੇ ਮੁਢਲੀ-ਜਾਂਚ ਨਹੀਂ ਕੀਤੀ ਜਾਂਦੀ।

NHS ਦੀਆਂ ਫੇਫੜਿਆਂ ਦੀ ਸਿਹਤ ਜਾਂਚਾਂ 3,400 ਫੇਫੜਿਆਂ ਦੇ ਕੈਂਸਰ ਦਾ ਪਤਾ ਲਗਾਉਣਗੀਆਂ, ਕਈ ਤਾਂ ਸ਼ੁਰੂਆਤੀ ਪੜਾਅ ਵਿੱਚ ਹੀ।

## ਫੇਫੜਿਆਂ ਦੇ ਕੈਂਸਰ ਦੇ ਲੱਛਣ ਕੀ ਹੁੰਦੇ ਹਨ?

ਫੇਫੜਿਆਂ ਦਾ ਕੈਂਸਰ ਸਕੈਨਾਂ ਦੇ ਵਿਚਕਾਰ ਵਿਕਸਿਤ ਹੋਣਾ ਸ਼ੁਰੂ ਹੋ ਸਕਦਾ ਹੈ ਅਤੇ ਮੁਢਲੀ-ਜਾਂਚ ਵਿੱਚ ਕਦੇ-ਕਦੇ ਫੇਫੜਿਆਂ ਦੇ ਕੈਂਸਰ ਦਾ ਪਤਾ ਨਹੀਂ ਲੱਗ ਪਾਉਂਦਾ ਹੈ। ਅਜਿਹੀ ਹਰ ਚੀਜ਼ 'ਤੇ ਨਜ਼ਰ ਰੱਖਣਾ ਜ਼ਰੂਰੀ ਹੁੰਦਾ ਹੈ, ਜੋ ਤੁਹਾਨੂੰ ਅਸੁਭਾਵਿਕ ਲੱਗੇ, ਖ਼ਾਸ ਕਰਕੇ:

- ਖੰਘ ਠੀਕ ਨਾ ਹੋਣਾ ਜਾਂ ਫਿਰ ਆਮ ਖੰਘ ਵਿੱਚ ਬਦਲਾਅ ਹੋਣਾ
- ਖੰਘ ਵਿੱਚ ਖੂਨ ਆਉਣਾ
- ਸਾਹ ਚੜ੍ਹਨਾ
- ਬਿਨਾਂ ਵਜ੍ਹਾ ਥਕਾਵਟ ਮਹਿਸੂਸ ਹੋਣਾ ਜਾਂ ਭਾਰ ਘੱਟਣਾ
- ਸਾਹ ਲੈਣ ਵੇਲੇ ਜਾਂ ਫਿਰ ਖੰਘ ਆਉਣ ਵੇਲੇ ਟੀਸ ਉੱਠਣਾ ਜਾਂ ਦਰਦ ਹੋਣਾ
- ਭੁੱਖ ਘੱਟ ਲੱਗਣਾ

ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਬਦਲਾਅ ਮਹਿਸੂਸ ਹੋਵੇ, ਤਾਂ ਜਲਦੀ ਤੋਂ ਜਲਦੀ ਆਪਣੇ GP ਨਾਲ ਮਿਲੋ। ਹੋਰ ਸਕੈਨ ਕਰਾਉਣ ਤੱਕ ਉਡੀਕ ਨਾ ਕਰੋ।

## ਫੇਫੜਿਆਂ ਦਾ ਕੈਂਸਰ ਹੋਣ ਦੇ ਖਤਰੇ ਨੂੰ ਘਟਾਉਣ ਲਈ ਕੀ ਕੀਤਾ ਜਾ ਸਕਦਾ ਹੈ?

ਫੇਫੜਿਆਂ ਦਾ ਕੈਂਸਰ ਹੋਣ ਤੋਂ ਬਚਨ ਲਈ ਸਭ ਤੋਂ ਪਹਿਲਾਂ ਕੰਮ ਤੁਸੀਂ ਜੋ ਕਰ ਸਕਦੇ ਹੋ, ਉਹ ਹੈ ਸਿਗਰਟਨੋਸ਼ੀ ਛੱਡਣਾ।

ਜੇ ਤੁਸੀਂ ਸਿਗਰਟਨੋਸ਼ੀ ਕਰਦੇ ਹੋ ਅਤੇ ਛੱਡਣਾ ਚਾਹੁੰਦੇ ਹੋ, ਤਾਂ ਮੁਫਤ, ਸਥਾਨਕ ਅਤੇ ਮਾਹਰ ਸਹਾਇਤਾ ਉਪਲਬਧ ਹੈ। ਤੁਹਾਡੇ ਫੇਫੜਿਆਂ ਦੀ ਸਿਹਤ ਜਾਂਚ ਉਪਲਬਧ ਨਰਸ ਤੁਹਾਡਾ ਇਹਨਾਂ ਸੇਵਾਵਾਂ ਨਾਲ ਸੰਪਰਕ ਕਰਵਾ ਸਕਦੀ ਹੈ। ਸਿਗਰਟਨੋਸ਼ੀ ਛੱਡੋ ਸੇਵਾ (Stop Smoking Service) ਦੀ ਮਦਦ ਨਾਲ ਸਿਗਰਟਨੋਸ਼ੀ ਛੱਡ ਪਾਉਣ ਦੀ ਸੰਭਾਵਨਾ ਤਿੰਨ ਗੁਣਾ ਵੱਧ ਜਾਂਦੀ ਹੈ। ਮੁਫਤ ਅਤੇ ਸਥਾਨਕ ਸਹਾਇਤਾ ਦੀ ਉਪਲਬਧਤਾ ਬਾਰੇ ਆਪਣੇ GP ਨੂੰ ਪੁੱਛੋ।

NHS ਸਮੋਕਫ੍ਰੀ (Smokefree) ਨਾਲ 0300 123 1044 'ਤੇ ਸੰਪਰਕ ਕਰੋ ਜਾਂ ਫਿਰ www.nhs.uk/smokefree 'ਤੇ ਜਾਓ।

## ਕੀ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ?

ਫੇਫੜਿਆਂ ਦੇ ਕੈਂਸਰ, ਫੇਫੜਿਆਂ ਦੀ ਸਿਹਤ ਜਾਂਚ ਬਾਰੇ ਵਧੇਰੀ ਜਾਣਕਾਰੀ ਲੈਣ ਲਈ ਅਤੇ ਸਿਗਰਟਨੋਸ਼ੀ ਛੱਡਣ ਸੰਬੰਧੀ ਸਲਾਹ ਲੈਣ ਲਈ ਇੱਥੇ ਜਾਓ:

NHS ਫੇਫੜਿਆਂ ਦੇ ਕੈਂਸਰ ਸੰਬੰਧੀ ਜਾਣਕਾਰੀ
www.nhs.uk/conditions/lung-cancer/

NHS ਸਮੋਕਫ੍ਰੀ (Smokefree)
www.nhs.uk/smokefree

ਕੈਂਸਰ ਰੀਸਰਚ (Cancer Research) UK
www.cruk.org/lunghealthchecks
www.cruk.org/about-cancer/lung-cancer
www.cruk.org/smoking

ਰੋਯ ਕੈਸਲ ਲੰਗ ਕੈਂਸਰ ਫਾਊਂਡੇਸ਼ਨ (Roy Castle Lung Cancer Foundation)
www.roycastle.org/information
www.roycastle.org/help-and-support

**ਸਥਾਨਕ ਖੇਤਰ ਵਿੱਚ ਉਪਲਬਧ ਸਿਗਰਟਨੋਸ਼ੀ ਛੱਡੋ ਸੇਵਾਵਾਂ ਬਾਰੇ ਵਧੇਰੀ ਜਾਣਕਾਰੀ ਲੈਣ ਲਈ:**

https://yourhealthnotts.co.uk

ਟੈਲੀਫ਼ੋਨ: 0115 7722515

ਇਸ ਪ੍ਰੋਜੈਕਟ ਨਾਲ ਸੰਬੰਧਿਤ ਪਰਦੇਦਾਰੀ ਸੂਚਨਾ NHS England ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ
https://www.england.nhs.uk/homepage/